Sr

# ਬਜ਼ੁਰਗਾਂ ਲਈ ਸਕਾਈਪ 101

# ਬਜ਼ੁਰਗਾਂ ਲਈ ਸਕਾਈਪ (SKYPE)

**ਸਕਾਈਪ ਵੀਡੀਓ ਕਾਲਾਂ ਨਾਲ ਇੱਕੋ ਵਾਰੀ, 50 ਤੱਕ ਲੋਕਾਂ ਨੂੰ ਮਿਲਣਾ ਅਤੇ ਤਾਲਮੇਲ ਕਰਨਾ ਅਸਾਨ ਹੋ ਜਾਂਦਾ ਹੈ। ਇਹ ਲੋਕਲ ਅਤੇ ਅੰਤਰਰਾਸ਼ਟਰੀ ਸਕਾਈਪ-ਟੂ-ਸਕਾਈਪ ਕਾਲਾਂ ਅਤੇ ਵੀਡੀਓ ਕਾਨਫਰੈਂਸਿੰਗ ਲਈ ਮੁਫ਼ਤ ਹੈ।**

**ਇੱਥੇ ਇਸ ਬਾਰੇ ਇੱਕ-ਇੱਕ ਕਰਕੇ ਪੜਾਵਾਂ ਦੀ ਗਾਈਡ ਦਿੱਤੀ ਗਈ ਹੈ ਕਿ ਸਕਾਈਪ ਡਾਊਨਲੋਡ ਕਿਵੇਂ ਕਰਨਾ ਹੈ, ਇਸਦੀ ਵਰਤੋਂ ਕਿਵੇਂ ਕਰਨੀ ਹੈ ਅਤੇ ਕਿਵੇਂ ਚਲਾਉਣਾ ਹੈ।**

# ਪੜਾਅ 1

## ਸਕਾਈਪ ਡਾਊਨਲੋਡ ਕਰੋ


ਉਸ ਡਿਵਾਈਸ ਦੇ ਆਧਾਰ ਤੇ, ਜੋ ਤੁਸੀਂ ਵਰਤਣ ਵਾਲੇ ਹੋ, ਤੁਹਾਨੂੰ ਸਕਾਈਪ ਦਾ ਖਾਸ ਸੰਸਕਰਨ ਡਾਊਨਲੋਡ ਕਰਨ ਦੀ ਲੋੜ ਹੋਵੇਗੀ। ਬਜ਼ੁਰਗਾਂ ਲਈ, ਇਹ ਸਲਾਹ ਦਿੱਤੀ ਜਾਂਦੀ ਹੈ ਕਿ ਸਕਾਈਪ ਨੂੰ, ਆਈਪੈਡ (iPad), ਐਂਡਰੋਇਡ (Android) ਟੈਬਲੇਟ ਜਾਂ ਕੰਪਿਊਟਰ ਤੇ ਸੈਟ ਅੱਪ ਕੀਤਾ ਗਿਆ ਹੈ, ਕਿਉਂਕਿ ਮੋਬਾਈਲ ਫੋਨ ਛੋਟੇ ਹੁੰਦੇ ਹਨ ਅਤੇ ਹੋਰ ਡਿਵਾਈਸਾਂ ਵਾਂਗ ਉਹਨਾਂ ਦੀ ਅਵਾਜ਼ ਓਨੀ ਵਧੀਆ ਨਹੀਂ ਵੀ ਹੋ ਸਕਦੀ।

ਧਿਆਨ ਦਿਓ: ਆਪਣੀ ਡਿਵਾਈਸ ਦੀ ਚੋਣ ਕਰਦੇ ਸਮੇਂ, ਯਕੀਨੀ ਬਣਾਓ ਕਿ ਇਸ ਵਿੱਚ ਵੀਡੀਓ ਅਤੇ ਮਾਈਕ੍ਰੋਫੋਨ ਸਮਰਥਤਾਵਾਂ ਹਨ।

ਇਹਨਾਂ ਵਾਸਤੇ ਡਾਊਨਲੋਡ ਕਰਨ ਲਈ:

**ਲੈਪਟੌਪ/ਡੈਸਕਟੌਪ ਕੰਪਿਊਟਰ**
ਇਹਨਾਂ ਵਿੱਚੋਂ ਕਿਸੇ ਇੱਕ ਲਿੰਕ ਤੇ ਕਲਿੱਕ ਕਰੋ:
- ਵਿੰਡੋਜ (Windows) ਲਈ ਸਕਾਈਪ
- ਮੈਕ (Mac) ਲਈ ਸਕਾਈਪ

**ਡ੍ਰੌਪ ਡਾਊਨ ਸੂਚੀ ਵਿੱਚੋਂ ਉਹ ਕੰਪਿਊਟਰ ਸਿਸਟਮ ਚੁਣੋ, ਜੋ ਤੁਸੀਂ ਵਰਤ ਰਹੇ ਹੋ।**




# ਬਜ਼ੁਰਗਾਂ ਲਈ ਸਕਾਈਪ (SKYPE)

ਇਹਨਾਂ ਵਾਸਤੇ ਡਾਉਨਲੋਡ ਕਰਨ ਲਈ:

**ਮੋਬਾਈਲ ਫੋਨ**
**(ਐਂਡਰੇਇਡ ਅਤੇ ਆਈਫੋਨ (iPhone))**
ਇਸ ਲਿੰਕ ਤੇ ਕਲਿੱਕ ਕਰੋ:
**ਮੋਬਾਈਲ ਲਈ ਸਕਾਈਪ**

ਤੁਹਾਡੇ ਕੋਲ ਮੌਜੂਦ ਮੋਬਾਈਲ ਸਿਸਟਮ ਦੇ ਪ੍ਰਕਾਰ ਦੇ ਮੁਤਾਬਕ ਐਪ ਸਟੋਰ ਚੁਣੋ: ਐਂਡਰੇਇਡ, ਗੂਗਲ ਪਲੇ (Google Play) ਵਰਤਦਾ ਹੈ, ਆਈਫੋਨ ਐਪ ਸਟੋਰ (App Store) ਵਰਤਦਾ ਹੈ।




**ਟੈਬਲੇਟ**
(ਆਈਪੈਡ ਅਤੇ ਐਂਡਰੇਇਡ)
ਇਸ ਲਿੰਕ ਤੇ ਕਲਿੱਕ ਕਰੋ:
**ਟੈਬਲੇਟ ਲਈ ਸਕਾਈਪ**


ਡ੍ਰੌਪ ਡਾਉਨ ਸੂਚੀ ਵਿੱਚੋਂ ਉਸ ਟੈਬਲੇਟ ਸਿਸਟਮ ਦਾ ਪ੍ਰਕਾਰ ਚੁਣੋ, ਜੋ ਤੁਹਾਡੇ ਕੋਲ ਹੈ।



Sr


# ਪੜਾਅ 2

## ਸਕਾਈਪ ਲਈ ਇੱਕ ਮੁਫ਼ਤ ਖਾਤਾ ਬਣਾਓ




ਜਦੋਂ ਤੁਹਾਡੀ ਡਿਵਾਈਸ ਤੇ ਐਪ ਡਾਊਨਲੋਡ ਹੋ ਜਾਵੇ, ਤਾਂ ਉਦੋਂ ਤੁਹਾਡਾ ਖਾਤਾ ਬਣਾਉਣ ਦਾ ਸਮਾਂ ਹੁੰਦਾ ਹੈ। ਸਕਾਈਪ ਲਈ ਨਵਾਂ ਖਾਤਾ ਬਣਾਉਣ ਲਈ, ਇਸ ਲਿੰਕ ਤੇ ਕਲਿੱਕ ਕਰੋ: ਇੱਕ ਮੁਫ਼ਤ ਖਾਤਾ ਬਣਾਓ

ਤੁਸੀਂ ਈਮੇਲ ਪਤੇ ਜਾਂ ਫੋਨ ਨੰਬਰ ਨਾਲ ਸਕਾਈਪ ਖਾਤੇ ਵਾਸਤੇ ਸਾਈਨ ਅੱਪ ਕਰ ਸਕਦੇ ਹੋ। ਜੇਕਰ ਤੁਹਾਡਾ ਈਮੇਲ ਪਤਾ ਨਹੀਂ ਹੈ, ਪਰੰਤੂ ਪ੍ਰਾਪਤ ਕਰਨਾ ਚਾਹੁੰਦੇ ਹੋ, ਤਾਂ **"ਨਵਾਂ ਈਮੇਲ ਪਤਾ ਪ੍ਰਾਪਤ ਕਰੋ"** ("Get a new email address") ਤੇ ਕਲਿੱਕ ਕਰੋ ਅਤੇ ਪੜਾਵਾਂ ਦੇ ਮੁਤਾਬਕ ਅੱਗੇ ਵਧੋ। ਨਹੀਂ ਤਾਂ, ਫੋਨ ਨੰਬਰ ਦਾ ਵਿਕਲਪ ਚੁਣੋ।




ਅਗਲੀਆਂ ਸਕ੍ਰੀਨਾਂ ਤੁਹਾਨੂੰ, ਉਮਰ, ਨਾਮ ਅਤੇ ਥਾਂ ਜਿਹੀ ਨਿੱਜੀ ਜਾਣਕਾਰੀ ਦੇਣ ਲਈ ਆਖਣਗੀਆਂ। ਜਾਣਕਾਰੀ ਦੇਵੋ ਅਤੇ ਲਗਾਤਾਰ ਕਲਿੱਕ ਕਰਦੇ ਜਾਓ।

ਅਜਿਹੇ ਪਾਸਵਰਡ ਦੀ ਚੋਣ ਕਰਨਾ ਮਹੱਤਵਪੂਰਣ ਹੈ, ਜੋ ਨਿੱਜੀ ਅਤੇ ਬੇਜੋੜ ਹੋਵੇ। ਅਜਿਹਾ ਕੁਝ ਚੁਣਨਾ ਯਕੀਨੀ ਬਣਾਓ, ਜਿਸਦਾ ਅਸਾਨੀ ਨਾਲ ਅੰਦਾਜ਼ਾ ਨਾ ਲਗਾਇਆ ਜਾ ਸਕੇ।

ਕਦੇ-ਕਦਾਈਂ ਸਕਾਈਪ ਸੌਫਟਵੇਅਰ ਇਹ ਯਕੀਨੀ ਬਣਾਉਣ ਲਈ ਵਰਤੋਂਕਾਰ (ਯੂਜਰ) ਨੂੰ ਟੈਸਟ ਕਰਦਾ ਹੈ ਕਿ ਅਸਲੀ ਖਾਤਾ ਬਣਾਇਆ ਜਾ ਰਿਹਾ ਹੈ। ਇਹ ਕਰਨ ਲਈ, ਉਹ ਤੁਹਾਨੂੰ ਇੱਕ ਸ਼ਬਦ ਟਾਈਪ ਕਰਨ ਲਈ ਆਖ ਸਕਦੇ ਹਨ, ਜੋ ਸਕ੍ਰੀਨ ਤੇ ਪ੍ਰਦਰਸ਼ਿਤ ਕੀਤਾ ਜਾਂਦਾ ਹੈ ਜਾਂ ਤਸਵੀਰ ਚੁਣਨ ਲਈ ਆਖ ਸਕਦੇ ਹਨ। ਇਸਨੂੰ CAPTCHA (ਕੈਪਚਾ) ਆਖਿਆ ਜਾਂਦਾ ਹੈ ਅਤੇ ਇਸਨੂੰ ਪੂਰਾ ਕਰਨਾ ਲਾਜ਼ਮੀ ਹੈ। ਜੇਕਰ CAPTCHA ਕੋਡ ਮੰਗਿਆ ਜਾਵੇ, ਤਾਂ ਉਹ ਲਿਖੋ ਅਤੇ **"ਖਾਤਾ ਬਣਾਓ"** ("Create Account") ਤੇ ਕਲਿੱਕ ਕਰੋ।


ਹੁਣ ਤੁਹਾਡਾ ਚਾਲੂ ਸਕਾਈਪ ਖਾਤਾ ਹੈ।

ਸਕਾਈਪ ਦੀਆਂ ਨਿੱਜਤਾ ਅਤੇ ਸੁਰੱਖਿਆ ਸਬੰਧੀ ਵਿਸ਼ੇਸ਼ਤਾਵਾਂ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਇੱਥੇ ਜਾਓ।
https://support.skype.com/en/skype/all/privacy-security/privacy-settings/

Sr


# ਪੜਾਅ 3

## ਸਕਾਈਪ ਤੇ ਸਾਈਨ ਇਨ ਕਰੋ










ਤੁਸੀਂ ਖੁਦ ਲਈ ਚੁਣੇ ਗਏ ਸਕਾਈਪ ਨਾਮ ਦੇ ਨਾਲ, ਆਪਣੀ ਈਮੇਲ ਨਾਲ, ਜਾਂ ਆਪਣੇ ਫੋਨ ਨੰਬਰ (ਇਸ ਆਧਾਰ ਤੇ ਕਿ ਤੁਸੀਂ ਖਾਤੇ ਲਈ ਕਿਵੇਂ ਰਜਿਸਟਰ ਕੀਤਾ ਹੈ) ਦੇ ਨਾਲ ਸਕਾਈਪ ਤੇ ਸਾਈਨ ਇਨ ਕਰ ਸਕਦੇ ਹੋ।

ਜੇਕਰ ਤੁਹਾਡਾ ਪਹਿਲਾਂ ਤੋਂ ਹੀ ਸਕਾਈਪ ਜਾਂ ਮਾਈਕ੍ਰੋਸੌਫਟ (Microsoft) ਖਾਤਾ ਹੈ:

1 ਸਕਾਈਪ ਖੋਲ੍ਹੋ ਅਤੇ ਸਕਾਈਪ ਨਾਮ, ਈਮੇਲ ਜਾਂ ਫੋਨ ਤੇ ਕਲਿੱਕ ਕਰੋ।

2 ਆਪਣਾ ਸਕਾਈਪ ਨਾਮ, ਈਮੇਲ ਜਾਂ ਫੋਨ ਨੰਬਰ ਦਾਖ਼ਲ ਕਰੋ ਅਤੇ “ਅਗਲਾ” (“Next”) ਦੀ ਚੋਣ ਕਰੋ।

3 ਆਪਣਾ ਪਾਸਵਰਡ ਦਾਖ਼ਲ ਕਰੋ ਅਤੇ ਜਾਰੀ ਰੱਖਣ ਲਈ ਤੀਰ ਚੁਣੋ। ਹੁਣ ਤੁਸੀਂ ਸਕਾਈਪ ਤੇ ਸਾਈਨ ਇਨ ਕਰ ਲਿਆ ਹੈ।


**ਧਿਆਨ ਦਿਓ:** ਜਦੋਂ ਤੁਸੀਂ ਸਾਈਨ ਇਨ ਕਰ ਲੈਂਦੇ ਹੋ, ਤਾਂ ਸਕਾਈਪ ਤੁਹਾਡੀ ਸਾਈਨ-ਇਨ ਜਾਣਕਾਰੀ ਯਾਦ ਰੱਖਦਾ ਹੈ, ਜਦੋਂ ਤੁਸੀਂ ਸਕਾਈਪ ਬੰਦ ਜਾਂ ਸਾਈਨ ਆਊਟ ਕਰਦੇ ਹੋ ਅਤੇ ਤੁਹਾਡੀ ਖਾਤਾ ਸੈਟਿੰਗਾਂ ਯਾਦ ਰੱਖਣ ਦੀ ਚੋਣ ਕਰਦੇ ਹੋ। ਸਕਾਈਪ ਵਰਤੋਂਕਾਰ ਨਾਮ (ਯੂਜ਼ਰਨੇਮ) ਅਤੇ ਪਾਸਵਰਡ ਲਈ, ਅਜਿਹਾ ਵਰਤੋਂਕਾਰ ਨਾਮ ਅਤੇ ਪਾਸਵਰਡ ਸੋਚੋ, ਜਿਸਨੂੰ ਤੁਸੀਂ ਅਸਾਨੀ ਨਾਲ ਯਾਦ ਰੱਖ ਸਕੋ। ਆਪਣਾ ਵਰਤੋਂਕਾਰ ਨਾਮ, ਆਪਣੇ ਕਲੱਬ ਮੈਂਬਰਾਂ ਨਾਲ ਸਾਂਝਾ ਕਰੋ, ਤਾਂ ਜੋ ਉਹ ਤੁਹਾਡੀਆਂ ਕਾਲਾਂ ਲੈਣ ਅਤੇ ਤੁਹਾਡੇ ਨਾਲ ਜੁੜਨ ਲਈ ਤਿਆਰ ਰਹਿਣ।




ਜਦੋਂ ਤੁਸੀਂ ਆਪਣਾ ਸਕਾਈਪ ਵਰਤੋਂਕਾਰ ਨਾਮ ਦੇ ਦੇਵੋ, ਤਾਂ ਆਪਣੇ ਕਲੱਬ ਮੈਂਬਰਾਂ ਤੋਂ ਉਹਨਾਂ ਦੇ ਵਰਤੋਂਕਾਰ ਨਾਮ ਮੰਗੋ। ਤੁਸੀਂ ਹੇਠਲੇ ਸੱਜੇ ਕੋਨੇ ਵਿੱਚ “**ਸੰਪਰਕ**” (“Contacts”) ਆਈਕਨ ਤੇ, ਫਿਰ ਉੱਪਰਲੇ ਸੱਜੇ ਕੋਨੇ ਵਿੱਚ “**ਸੰਪਰਕ ਸ਼ਾਮਲ ਕਰੋ**” (“Add Contact”) ਤੇ ਕਲਿੱਕ ਕਰਕੇ ਲੌਗ ਇਨ ਕਰਨ ਤੋਂ ਬਾਅਦ ਅਸਾਨੀ ਨਾਲ ਉਹਨਾਂ ਨੂੰ ਸ਼ਾਮਲ ਕਰ ਸਕਦੇ ਹੋ।


# Sr ਪੜਾਅ 4

## ਗਰੁੱਪ ਸਥਾਪਤ ਕਰਨਾ





ਗਰੁੱਪ ਚੈਟ ਸ਼ੁਰੂ ਕਰਨ ਲਈ, ਤੁਹਾਨੂੰ ਇੱਕ ਗਰੁੱਪ ਬਣਾਉਣਾ ਪਵੇਗਾ। ਇਸ ਗਰੁੱਪ ਦੀ ਵਰਤੋਂ ਕਈ ਵਰਤੋਂਕਾਰਾਂ ਵਿਚਕਾਰ **'ਕਾਨਫਰੰਸ ਕਾਲਾਂ'** ('conference calls') ਕਰਨ ਲਈ ਵੀ ਕੀਤੀ ਜਾ ਸਕਦੀ ਹੈ (ਉਦਾਹਰਨ: ਤੁਹਾਡੇ ਕਲੱਬ ਮੈਂਬਰ)।

ਸਕਾਈਪ ਵਿੰਡੋ ਦੇ ਖੱਬੇ ਪਾਸੇ, ਸੰਪਰਕ ਸੂਚੀ ਵਿੱਚੋਂ ਉਹਨਾਂ ਵਰਤੋਂਕਾਰਾਂ ਵਿੱਚੋਂ ਇੱਕ ਤੇ ਕਲਿੱਕ ਕਰੋ, ਜਿਹਨਾਂ ਨੂੰ ਤੁਸੀਂ ਆਪਣੇ ਗਰੁੱਪ ਵਿੱਚ ਸ਼ਾਮਲ ਕਰਨਾ ਚਾਹੁੰਦੇ ਹੋ। ਫਿਰ ਉੱਪਰਲੇ ਸੱਜੇ ਕੋਨੇ ਵਿੱਚ ਸਥਿਤ, **"ਲੋਕਾਂ ਨੂੰ ਸ਼ਾਮਲ ਕਰੋ"** ("Add people") ਦੀ ਚੋਣ ਕਰੋ।





ਖੱਬੇ ਪਾਸੇ ਦੀ ਸੂਚੀ ਵਿੱਚੋਂ ਉਹ ਸੰਪਰਕ ਚੁਣੋ, ਜਿਹਨਾਂ ਨੂੰ ਤੁਸੀਂ ਸ਼ਾਮਲ ਕਰਨਾ ਚਾਹੁੰਦੇ ਹੋ ਅਤੇ **'ਚੁਣੋ'** ('Select') ਤੇ ਕਲਿੱਕ ਕਰੋ।





ਚੁਣੇ ਗਏ ਵਰਤੋਂਕਾਰ, ਸਕ੍ਰੀਨ ਦੇ ਸੱਜੇ ਪਾਸੇ **"ਇਸ ਗਰੁੱਪ ਵਿੱਚ ਲੋਕ"** ("People in this group") ਖਾਨੇ ਤੇ ਦਿਖਾਈ ਦੇਣਗੇ। ਜਦੋਂ ਤੁਸੀਂ ਸਾਰੇ ਮੈਂਬਰਾਂ ਨੂੰ ਸ਼ਾਮਲ ਕਰ ਲਵੋ, ਤਾਂ ਖ਼ਤਮ ਕਰਨ ਲਈ **'ਸ਼ਾਮਲ ਕਰੋ'** ('Add') ਤੇ ਕਲਿੱਕ ਕਰੋ।

## ਸੰਪਰਕ ਸੂਚੀ ਵਿੱਚ ਗਰੁੱਪ ਸੁਰੱਖਿਅਤ ਕਰਨਾ




ਗਰੁੱਪ ਚੈਟ ਵਿੰਡੋ ਤੇ "ਸੰਪਰਕਾਂ ਨੂੰ ਗਰੁੱਪ ਵਿੱਚ ਸੁਰੱਖਿਅਤ ਕਰੋ" (**"Save group in Contacts"**) ਆਈਕਨ ਤੇ ਕਲਿੱਕ ਕਰੋ।




ਗਰੁੱਪ ਲਈ ਇੱਕ ਨਾਮ ਦਾਖ਼ਲ ਕਰੋ ਅਤੇ **'ਠੀਕ ਹੈ' ('OK')** ਤੇ ਕਲਿੱਕ ਕਰੋ।

ਸੰਪਰਕ ਸੂਚੀ ਵਿੱਚ ਨਵਾਂ ਗਰੁੱਪ ਸ਼ਾਮਲ ਕੀਤਾ ਜਾਵੇਗਾ ਅਤੇ ਸਕ੍ਰੀਨ ਦੇ ਖੱਬੇ ਪਾਸੇ ਗਰੁੱਪ ਦਾ ਨਾਮ ਵੀ ਅੱਪਡੇਟ ਹੋ ਜਾਵੇਗਾ।


Sr

# ਪੜਾਅ 5

## ਆਪਣਾ ਕਾਲ ਪ੍ਰਕਾਰ ਚੁਣੋ

ਆਪਣੀ ਸੰਪਰਕ ਸੂਚੀ ਬਣਾਉਣ ਤੋਂ ਬਾਅਦ, ਤੁਸੀਂ ਆਪਣੀ ਪਹਿਲੀ ਸਕਾਈਪ ਕਾਲ ਕਰਨ ਲਈ ਤਿਆਰ ਹੋਵੋਗੇ।

ਕਾਲ ਕਰਨ ਲਈ ਮੈਂਬਰ/ਗਰੁੱਪ ਨਾਮ ਤੇ ਕਲਿੱਕ ਕਰਕੇ, ਕਲੱਬ ਮੈਂਬਰ ਜਾਂ ਨਵੇਂ ਬਣਾਏ ਗਰੁੱਪ ਦੀ ਚੋਣ ਕਰੋ।




ਫਿਰ ਤੁਸੀਂ ਇਹ ਫੈਸਲਾ ਕਰਨ ਲਈ ਕਈ ਸਾਰੇ ਬਟਨ ਦੇਖੋਗੇ ਕਿ ਤੁਸੀਂ ਕਿਸ ਪ੍ਰਕਾਰ ਦੀ ਕਾਲ ਕਰਨਾ ਚਾਹੁੰਦੇ ਹੋ। ਤੁਸੀਂ ਇਹਨਾਂ ਵਿਚਕਾਰ ਚੋਣ ਕਰ ਸਕਦੇ ਹੋ:

**ਵੀਡੀਓ ਕਾਲਾਂ:** ਜੇਕਰ ਤੁਸੀਂ ਆਮ੍ਹਣੇ-ਸਾਮ੍ਹਣੇ ਗੱਲ ਕਰਨਾ ਚਾਹੁੰਦੇ ਹੋ ਤਾਂ ਵੀਡੀਓ ਬਟਨ ਤੇ ਕਲਿੱਕ ਕਰੋ।

**ਫੋਨ ਕਾਲਾਂ:** ਜੇਕਰ ਤੁਸੀਂ ਵੈਬਕੈਮ ਦੇ ਬਿਨਾਂ ਕਾਲ ਕਰਨਾ ਚਾਹੁੰਦੇ ਹੋ ਤਾਂ ਫੋਨ ਬਟਨ ਤੇ ਕਲਿੱਕ ਕਰੋ।

ਜਦੋਂ ਕਨੈਕਸ਼ਨ ਮਜ਼ਬੂਤ ਹੋ ਜਾਵੇ, ਤਾਂ ਤੁਹਾਡੇ ਕੋਲ ਹੇਠਲੇ ਸੱਜੇ ਕੋਨੇ ਵਿੱਚ, ਹੋਰ ਮੈਂਬਰਾਂ ਦੀ ਤਸਵੀਰ ਦੀ ਪੂਰੀ ਸਕ੍ਰੀਨ ਅਤੇ ਤੁਹਾਡਾ ਖੁਦ ਦਾ ਛੋਟਾ ਜਿਹਾ ਸਕਵੇਅਰ ਹੋਵੇਗਾ।


**ਤੁਸੀਂ ਜੁੜ ਗਏ ਹੋ। ਹੁਣ ਤੁਸੀਂ ਦੋਵੇਂ ਜਿੰਨੀ ਚਾਹੋ, ਲੰਮੀ ਗੱਲ ਕਰ ਸਕਦੇ ਹੋ!**

Sr

# ਪੜਾਅ 6


## ਕਾਲ ਖ਼ਤਮ ਕਰੋ

ਜਦੋਂ ਤੁਸੀਂ ਕਾਲ ਖ਼ਤਮ ਕਰ ਲਵੋ, ਤਾਂ ਗੱਲ ਖ਼ਤਮ ਕਰਨ ਲਈ ਲਾਲ ਹੈਂਡਸੈਟ ਆਈਕਨ ਨੂੰ ਦਬਾਓ ਅਤੇ ਪ੍ਰੋਗਰਾਮ ਬੰਦ ਕਰ ਦੇਵੋ।



# Sr ਸਕਾਈਪ ਸੁਝਾਅ ਅਤੇ ਤਰਕੀਬਾਂ

## ਸਕਾਈਪ ਬਾਰੇ ਜਾਣਨਾ




**A** **ਪ੍ਰੋਫਾਈਲ:** ਆਪਣੀਆਂ ਸੈਟਿੰਗਾਂ ਤੇ ਪਹੁੰਚੋ ਅਤੇ ਨਿੱਜੀ ਬਣਾਓ

**B** **ਹੋਰ:** ਆਪਣੀ ਸੈਟਿੰਗਾਂ, ਮਦਦ ਅਤੇ ਫੀਡਬੈਕ ਤੱਕ ਪਹੁੰਚੋ ਜਾਂ ਸਕਾਈਪ ਤੋਂ ਸਾਈਨ ਆਉਟ ਕਰੋ

**C** **ਚੈਟਸ:** ਜਲਦੀ ਨਾਲ ਆਪਣੀਆਂ ਚੈਟਸ ਅਤੇ ਮਨਪਸੰਦ ਲੱਭੋ

**D** **ਕਾਲਾਂ:** ਆਮ੍ਹਣੇ-ਸਾਮ੍ਹਣੇ ਦੀਆਂ ਜਾਂ ਗਰੁੱਪ ਕਾਲਾਂ ਕਰੋ

**E** **ਸੰਪਰਕ:** ਆਪਣੇ ਸੰਪਰਕ ਲੱਭੋ, ਦੇਖੋ ਕਿ ਕੌਣ ਐਕਟਿਵ ਹੈ ਜਾਂ ਲੋਕਾਂ ਨੂੰ ਸਕਾਈਪ ਤੇ ਸੱਦੋ

**F** **ਸੂਚਨਾਵਾਂ:** ਸੈਟ ਅੱਪ ਕਰੋ, ਤਾਂ ਜੋ ਤੁਹਾਨੂੰ ਮਿਸ ਹੋਈਆਂ ਚੈਟਸ ਬਾਰੇ ਸੂਚਿਤ ਕੀਤਾ ਜਾ ਸਕੇ (ਪ੍ਰੋਫਾਈਲ **(Profile)**, ਸੈਟਿੰਗਾਂ **(Settings)**, ਸੂਚਨਾਵਾਂ **(Notifications)** ਤੇ ਕਲਿੱਕ ਕਰੋ)

**G** **ਮੀਟ ਨਾਓ (Meet Now):** ਜਲਦੀ ਨਾਲ ਦੋਸਤਾਂ ਅਤੇ ਪਰਿਵਾਰ ਨਾਲ ਸਹਿਯੋਗਾਤਮਕ ਥਾਂ ਸੈਟ ਅਪ ਕਰੋ, ਭਾਵੇਂ ਉਹ ਸਕਾਈਪ ਤੇ ਨਾ ਹੋਣ

**H** **ਨਵੀਂ ਚੈਟ:** ਨਵੀਂ ਆਮ੍ਹਣੇ-ਸਾਮ੍ਹਣੇ ਦੀ ਗਰੁੱਪ ਜਾਂ ਨਿੱਜੀ ਗੱਲਬਾਤ ਸ਼ੁਰੂ ਕਰੋ

**I** **ਸੌਰਟ ਚੈਟਸ (Sort Chats):** ਭੇਜੇ ਗਏ ਜਾਂ ਅਨਰੀਡ ਸੁਨੇਹਿਆਂ ਦੇ ਸਮੇਂ ਦੇ ਮੁਤਾਬਕ, ਆਪਣੀਆਂ ਚੈਟਸ ਛਾਂਟੋ

**ਹਵਾਲੇ**


https://support.Skype.com/en/faq/FA11098/how-do-i-get-started-with-Skype
https://www.Skype-lab.com/en/guide/chat/group-im.html